# ਨੋਟਿਸ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੰਜੀਨੀਅਰਿੰਗ ਵਿੰਗ ਵਿਖੇ ਸਥਿਤ ਫੋਟੋਸਟੇਟ ਅਤੇ ਸਟੇਸ਼ਨਰੀ ਦੀ ਦੁਕਾਨ ਅਲਾਟ ਕਰਨ ਸਬੰਧੀ ਬੋਲੀ ਮਿਤੀ 19-12-2017 ਨੂੰ ਸਵੇਰੇ 10:30 ਵਜੇ ਇੰਜੀਨੀਅਰਿੰਗ ਵਿੰਗ ਵਿਖੇ ਰਖੀ ਗਈ ਹੈ। ਚਾਹਵਾਨ ਵਿਅਕਤੀ ਇੰਜੀਨੀਅਰਿੰਗ ਵਿੰਗ ਵਿਖੇ ਪਹੁੰਚ ਕੇ ਬੋਲੀ ਦੇ ਸਕਦੇ ਹਨ। ਬੋਲੀ ਦੇਣ ਵਾਲੇ ਵਿਅਕਤੀ ਨੂੰ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਂ ਤੇ 10,000/- ਰੁਪਏ ਦਾ ਡਿਮਾਂਡ ਡਰਾਫਟ ਅਰਨੈਸਟ ਮਨੀ ਵਜੋਂ ਮੌਕੇ ਤੇ ਜਮ੍ਹਾਂ ਕਰਵਾਉਣਾ ਪਵੇਗਾ, ਜੋ ਬਾਅਦ ਵਿਚ ਵਾਪਸ ਕਰ ਦਿਤਾ ਜਾਵੇਗਾ। ਬੋਲੀ ਸਬੰਧੀ ਬਾਕੀ ਦੀਆਂ ਵਿਸਥਾਰ ਪੂਰਵਕ ਸ਼ਰਤਾਂ ਯੂਨੀਵਰਸਿਟੀ ਦੀ **WebsiteWWW. Punjabiuniversity.ac. in** ਤੇ ਵੇਖੀਆਂ ਜਾ ਸਕਦੀਆਂ ਹਨ।

ਰਜਿਸਟਰਾਰ 7.12.17
ਪੰਜਾਬੀ ਯੂਨੀਵਰਸਿਟੀ
ਪਟਿਆਲਾ

## ਬੋਲੀ ਸੰਬੰਧੀ ਸ਼ਰਤਾਂ

1. ਜੋ ਵੀ ਇਸ ਬੋਲੀ ਵਿਚ ਹਿੱਸਾ ਲੈਣਾ ਚਾਹੁੰਦਾ ਹੈ ਉਹ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ 10,000/-ਰੁ: ਦਾ ਇੱਕ ਡਿਮਾਂਡ ਡਰਾਫਟ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਜਮ੍ਹਾਂ ਕਰਵਾਏਗਾ। ਸਫ਼ਲ ਬੋਲੀ ਦੇਣ ਵਾਲੇ ਦੀ ਇਹ ਰਕਮ ਕਿਰਾਏ ਵਿਚ ਐਡਜਸਟ ਕੀਤੀ ਜਾਵੇਗੀ ਅਤੇ ਬਾਕੀ ਉਮੀਦਵਾਰਾਂ ਨੂੰ ਇਹ ਰਕਮ ਵਾਪਸ ਕਰ ਦਿੱਤੀ ਜਾਵੇਗੀ।

2. ਬੋਲੀਦਾਰ ਦਾ ਪ੍ਰਤੀਨਿਧੀ ਬੋਲੀ ਤਾਂ ਹੀ ਦੇ ਸਕੇਗਾ ਜੇਕਰ ਉਸ ਕੋਲ ਮੁਖਤਿਆਰਨਾਮਾ ਖਾਸ ਜਾਂ ਬੋਲੀ ਦੇਣ ਲਈ ਅਧਿਕਾਰ ਪੱਤਰ ਹੋਵੇਗਾ।

3. ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਜਾਂ ਉਹਨਾਂ ਵੱਲੋਂ ਹੋਰ ਕੋਈ ਅਧਿਕਾਰਤ ਅਫ਼ਸਰ ਨੂੰ ਬੋਲੀ ਨੂੰ ਮੰਨਜੂਰ ਜਾਂ ਖਾਰਜ ਕਰਨ ਦਾ ਬਿਨਾਂ ਕਾਰਨ ਦੱਸੇ, ਪੂਰਨ ਅਧਿਕਾਰ ਹੋਵੇਗਾ ਅਤੇ ਬੋਲੀਦਾਰ ਨੂੰ ਉਪਰੋਕਤ ਰਕਮ ਵਾਪਸ ਕਰ ਦਿੱਤੀ ਜਾਵੇਗੀ।

4. ਸਫਲ ਬੋਲੀ ਦੇਣ ਵਾਲੇ ਨੂੰ ਮੌਕੇ ਤੇ ਇੱਕ ਮਹੀਨੇ ਦਾ ਬਣਦਾ ਰੈਂਟ ਨਗਦੀ ਰੂਪ ਵਿਚ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ 10 ਦਿਨਾਂ ਦੇ ਅੰਦਰ-ਅੰਦਰ ਦੁਕਾਨ ਸ਼ੁਰੂ ਕਰਨੀ ਹੋਵੇਗੀ ਨਹੀ ਤਾਂ ਜਮ੍ਹਾਂ ਕਰਵਾਈ ਰਾਸ਼ੀ ਜਬਤ ਸਮਝੀ ਜਾਵੇਗੀ।

5. ਦੁਕਾਨ ਦਾ ਕਬਜਾ ਲੈਣ ਉਪਰੰਤ 10 ਦਿਨਾਂ ਦੇ ਅੰਦਰ-ਅੰਦਰ ਕਿਰਾਇਆਨਾਮਾ/ਲੀਜ਼ ਡੀਡ ਕਰਨੀ ਹੋਵੇਗੀ ਜਿਸ ਦੀਆਂ ਵਿਸਥਾਰ ਪੂਰਵਕ ਸ਼ਰਤਾਂ ਮੌਕੇ ਤੇ ਦੱਸੀਆ ਜਾਣਗੀਆਂ।

(signature) 7/12/11
ਰਜਿਸਟਰਾਰ
ਪੰਜਾਬੀ ਯੂਨੀਵਰਸਿਟੀ
ਪਟਿਆਲਾ

## ਯੂਕੋ ਵਿਖੇ ਦੁਕਾਨ ਅਲਾਟ ਕਰਨ ਸਬੰਧੀ ਸ਼ਰਤਾਂ

1. ਦੁਕਾਨ ਦੀ ਬੋਲੀ 7,000/-ਰੁਪਏ ਪ੍ਰਤੀ ਮਹੀਨਾ ਕਿਰਾਏ ਤੋਂ ਸ਼ੁਰੂ ਕੀਤੀ ਜਾਵੇਗੀ।

2. ਦੁਕਾਨ ਤਿੰਨ ਸਾਲ ਲਈ ਅਲਾਟ ਕੀਤੀ ਜਾਵੇਗੀ ਪਰੰਤੂ ਲਾਇਸੈਂਸ ਮਨੀ ਵਿੱਚ ਹਰ ਸਾਲ 10% ਦਾ ਵਾਧਾ ਕੀਤਾ ਜਾਵੇਗੀ।

3. ਪਾਣੀ ਅਤੇ ਬਿਜਲੀ ਦਾ ਪੂਰਾ ਬਿੱਲ ਲਾਇਸੈਂਸੀ ਵਲੋਂ ਅਦਾ ਕੀਤਾ ਜਾਵੇਗਾ।

4 ਦੁਕਾਨ ਦੇ ਫਰਨੀਚਰ ਆਦਿ ਦਾ ਕੰਮ ਆਲਾਟੀ ਵੱਲੋਂ ਆਪਣੇ ਖਰਚੇ ਤੇ ਕਰਨਾ ਹੋਵੇਗਾ।

5. ਅਲਾਟੀ ਨੂੰ ਦੁਕਾਨ ਦੀ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ।

6. ਦੁਕਾਨ ਦੀ ਅਲਾਟਮੈਂਟ ਹੋਣ ਸਮੇਂ ਲਾਇਸੈਂਸੀ ਨੂੰ ਇਕ ਮਹੀਨੇ ਦੇ ਰੈਂਟ ਅਨੁਸਾਰ ਇਕ ਸਾਲ ਦੀ ਬਣਦੀ ਸਕਿਉਰਿਟੀ ਨਕਦੀ ਰੂਪ ਵਿਚ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣੀ ਹੋਵੇਗੀ।

7. ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ 36 ਐਡਵਾਂਸ ਪੋਸਟ ਡੇਟਿਡ ਚੈਕ ਲਏ ਜਾਣਗੇ।

7.12.11
ਰਜਿਸਟਰਾਰ
ਪੰਜਾਬੀ ਯੂਨੀਵਰਸਿਟੀ
ਪਟਿਆਲਾ